© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access
Peer Reviewed & Indexed Research Journal)

Paper Id: ARMN040309
Volume 4, Issue 3 | July-Sep. 2026
Available online at: www.armaan.org.in
DOI Link: https://doi.org/10.64119/armaan.vol.4.issue3.09

| DOI | Received Date | Accepted Date | Published Date |
|---|---|---|---|
| 10.64119/armaan.vol.4.issue3.09 | August 08, 2026 | August 31, 2026 | September 05, 2026 |

ਖੋਜ ਪੇਪਰ (Research Article)

# ਬੂਟਾ ਸਿੰਘ ਸ਼ਾਦ ਦੇ ਨਾਵਲ 'ਕੁੱਤਿਆਂ ਵਾਲੇ ਸਰਦਾਰ' ਦਾ ਸਮਾਜ ਸ਼ਾਸਤਰੀ ਪੱਖ ਤੋਂ ਮੁਲਾਂਕਣ

## Boota Singh Shaad De Novel 'Kuttiyn Wale Sardar' Da Samaj-Shastari Pakh Ton Mulyankan

**ਬਬਰੀਕ ਸਿੰਘ (Babreek Singh)*** | **ਡਾ. ਕਿਰਨਦੀਪ ਸਿੰਘ (Dr. Kirandeep Singh)**
ਖੋਜਾਰਥੀ (Ph.D Scholar) | ਨਿਗਰਾਨ ਅਤੇ ਮੁਖੀ (Supervisor & HOD)
ਪੰਜਾਬੀ ਵਿਭਾਗ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)- 144411
*ORCID: 0009-0005-4801-983X
*E-Mail:* *vickyjap3@gmail.com*

**ਸਾਰ (Abstract)**

*ਸਮਾਜਿਕ ਵਿਵਸਥਾ ਅਤੇ ਸ਼ਾਂਤੀ ਬਣਾਈ ਰੱਖਣ ਲਈ ਵਿਆਹ ਦੀ ਸੰਸਥਾ ਹੋਂਦ ਵਿੱਚ ਆਈ, ਜਿਸ ਨੇ ਧਾਰਮਿਕ ਤੇ ਸਮਾਜਿਕ ਰੀਤਾਂ ਰਾਹੀਂ ਪਰਿਵਾਰ ਅਤੇ ਵੰਸ਼ ਨੂੰ ਅੱਗੇ ਤੋਰਨ ਲਈ ਨਿਯਮ ਨਿਰਧਾਰਤ ਕੀਤੇ। ਸਮੇਂ ਦੇ ਬਦਲਾਅ ਨਾਲ ਵਿਆਹ ਦੀਆਂ ਕਈ ਨਵੀਆਂ ਕਿਸਮਾਂ ਉੱਭਰੀਆਂ, ਜਿਨ੍ਹਾਂ ਵਿੱਚੋਂ ਪ੍ਰੇਮ ਵਿਆਹ ਪਰਿਵਾਰ ਜਾਂ ਰਿਸ਼ਤੇਦਾਰਾਂ ਦੀ ਰਜ਼ਾਮੰਦੀ ਤੋਂ ਬਿਨਾਂ ਮੁੰਡੇ-ਕੁੜੀ ਦੀ ਆਪਸੀ ਸਹਿਮਤੀ 'ਤੇ ਆਧਾਰਿਤ ਇੱਕ ਸੁਤੰਤਰ ਪ੍ਰੰਪਰਾ ਵਜੋਂ ਸਾਹਮਣੇ ਆਇਆ। ਪਰੰਤੂ ਰਵਾਇਤੀ ਸਮਾਜ ਵੱਲੋਂ ਇਸ ਨੂੰ ਅਕਸਰ ਗ਼ੈਰ-ਕਾਨੂੰਨੀ ਅਤੇ ਗ਼ੈਰ-ਸਮਾਜਿਕ ਮੰਨ ਕੇ ਤਿੱਖਾ ਵਿਰੋਧ ਕੀਤਾ ਜਾਂਦਾ ਰਿਹਾ ਹੈ। ਬੂਟਾ ਸਿੰਘ ਸ਼ਾਦ ਦਾ ਨਾਵਲ ਪੰਜਾਬੀ ਸਮਾਜ ਵਿੱਚ ਪ੍ਰੇਮ ਵਿਆਹ ਦੇ ਦਰਦਨਾਕ ਸਿੱਟਿਆਂ ਅਤੇ ਅਖੌਤੀ 'ਇੱਜ਼ਤ ਤੇ ਅਣਖ' ਦੇ ਨਾਂ 'ਤੇ ਦਿੱਤੀ ਜਾਂਦੀ ਸਜ਼ਾ-ਏ-ਮੌਤ ਦੀ ਹਕੀਕਤ ਨੂੰ ਗੰਭੀਰਤਾ ਨਾਲ ਉਭਾਰਦਾ ਹੈ। ਪੰਜਾਬੀ ਸਮਾਜ ਵਿੱਚ ਕੁੜੀ ਨੂੰ ਪਰਿਵਾਰ ਦੀ ਇੱਜ਼ਤ ਸਮਝੇ ਜਾਣ ਕਾਰਨ ਆਪਣੀ ਮਰਜ਼ੀ ਨਾਲ ਸੰਬੰਧ ਬਣਾਉਣ ਵਾਲੇ ਨੂੰ ਸਮਾਜ ਦਾ ਦੁਸ਼ਮਣ ਮੰਨ ਲਿਆ ਜਾਂਦਾ ਹੈ। ਨਾਵਲ ਦੇ ਮੁੱਖ ਪਾਤਰ ਰਵਜੀਤ ਅਤੇ ਸ਼ੀਤਲ ਦਾ ਪ੍ਰੇਮ ਵਿਆਹ ਇੱਕੋ ਜਾਤ ਹੋਣ ਦੇ ਬਾਵਜੂਦ ਡੂੰਘੇ ਆਰਥਿਕ-ਸਮਾਜਿਕ ਪਾੜੇ ਕਾਰਨ ਅਸਫ਼ਲ ਹੋ ਜਾਂਦਾ ਹੈ। ਇਸ ਦੇ ਨਾਲ ਹੀ, ਲੇਖਕ ਨੇ ਨਾਵਲ ਵਿੱਚ ਔਰਤ ਦੇ ਵਿਭਿੰਨ ਰੂਪਾਂ ਨੂੰ ਪੇਸ਼ ਕੀਤਾ ਹੈ- ਜਿੱਥੇ ਸ਼ੀਤਲ ਵਰਗੀ ਸਮਰਪਿਤ ਮਹਿਬੂਬਾ ਅਤੇ 'ਯਾਰ ਮੈਡਮ' ਵਰਗੀ ਬਲੀਦਾਨ ਦੀ ਮੂਰਤ ਮੌਜੂਦ ਹੈ, ਉੱਥੇ ਹੀ ਜਾਇਦਾਦ ਦੀ ਲਾਲਚੀ ਬੇਵਫ਼ਾ ਪਤਨੀ ਅਤੇ ਦੁਸ਼ਮਣਾਂ ਦਾ ਨਾਸ਼ ਕਰਨ ਵਾਲੀ ਚੰਡੀ ਦਾ ਰੂਪ ਵੀ ਔਰਤ ਦੀਆਂ ਵੱਖ-ਵੱਖ ਪਰਤਾਂ ਨੂੰ ਉਜਾਗਰ ਕਰਦਾ ਹੈ।*

**ਮੁੱਖ-ਸ਼ਬਦ (Keywords)**

*ਸਮਾਜ, ਜਾਗੀਰਦਾਰ, ਵਿਆਹ, ਕੁੱਤਿਆਂ ਵਾਲੇ ਸਰਦਾਰ, ਇਸ਼ਕ-ਹਕੀਕੀ, ਸਮਾਜ, ਬਲੀਦਾਨ।*

ਮਨੁੱਖ ਨੂੰ ਜਿਉਂਦੇ ਰਹਿਣ ਲਈ ਕਿਸੇ ਨਾ ਕਿਸੇ ਉਪਰ ਆਸ਼ਰਿਤ ਰਹਿਣਾ ਪੈਂਦਾ ਹੈ। ਉਸਨੂੰ ਜ਼ਿੰਦਗੀ ਨਿਰਬਾਹ ਕਰਨ ਲਈ ਕੁੱਝ ਲੋੜਾਂ ਦੀ ਜ਼ਰੂਰਤ ਹੁੰਦੀ ਹੈ। ਮਨੁੱਖ ਰੋਜ਼ਨਾਂ ਦੀਆਂ ਲੋੜਾਂ ਦੀ ਪੂਰਤੀ ਲਈ ਇਕ-ਦੂਜੇ ਉਪਰ ਨਿਰਭਰ ਹਨ। ਇਹ ਸਭ ਲੋੜਾਂ ਦੀ ਪੂਰਤੀ ਉਸਨੂੰ 'ਸਮਾਜ' ਵਿਚੋਂ ਹੁੰਦੀ ਹੈ। ਇਸ ਲਈ ਮਨੁੱਖ ਸਮਾਜਕ ਜੀਵ ਹੈ। ਮਨੁੱਖ ਦੀਆਂ ਇੰਨ੍ਹਾਂ ਜਰੂਰਤਾਂ ਨਾਲ ਹੀ ਸਮਾਜ ਵਰਗੀ ਸੰਸਥਾਂ ਹੋਂਦ ਵਿਚ ਆਈ ਕਿਉਂਕਿ ਰਲ ਮਿਲ ਕੇ ਰਹਿਣਾ, ਇਕੋ ਥਾਂ ਤੋਂ ਆਪਣੀਆਂ ਮੁੱਖ ਲੋੜਾਂ ਦੀ ਪੂਰਤੀ ਕਰਨੀ ਹੀ ਸਮਾਜ ਹੈ। ਸਮਾਜ ਨੂੰ ਪਰਿਭਾਸ਼ਿਤ ਕਰਦਿਆ ਗਿੰਡਿਗਜ ਲਿਖਦਾ ਹੈ ਕਿ,

> *"ਸਮਾਜ ਆਪ ਇਕ ਸੰਘ ਹੈ, ਸੰਗਠਨ ਹੈ ਅਤੇ ਉਪਚਾਰਕ ਸੰਬੰਧਾਂ ਦਾ ਯੋਗ ਹੈ। ਇਸ ਵਿਚ ਸ਼ਾਮਲ ਹੋਣ ਵਾਲੇ ਵਿਅਕਤੀ ਇੱਕ ਦੂਜੇ ਨਾਲ ਬੱਝੇ ਹੁੰਦੇ ਹਨ।*[1]

ਜਿਸਨੂੰ ਜਿਉਂਦੇ ਰਹਿਣ ਤੇ ਲੋੜਾਂ ਦੀ ਪੂਰਤੀ ਲਈ ਰੋਜ਼ਾਨਾਂ ਕਿਸੇ ਦੂਜੇ ਦੇ ਸਾਥ ਦੀ ਜਰੂਰਤ ਪੈਂਦੀ ਹੈ। ਰੋਟੀ, ਕੱਪੜਾ, ਮਕਾਨ, ਰਿਸ਼ਤੇ ਨਾਤੇ (ਮਾਂ, ਬਾਪ, ਭਾਈ, ਭੈਣ, ਪਤਨੀ, ਬੱਚੇ, ਦੋਸਤ) ਇਸ ਸਭ ਦੀ ਪੂਰਤੀ ਉਸਨੂੰ ਸਮਾਜ ਵਿੱਚੋਂ ਹੀ ਹੁੰਦੀ ਹੈ। ਸਮਾਜ ਦਾ ਨਿਰਮਾਣ ਹੀ ਮਨੁੱਖ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹੋਇਆ ਹੈ। ਵਿਆਹ ਦਾ ਸੰਕਲਪ ਵੀ ਸਮਾਜ ਦੀ ਦੇਣ ਹੈ। ਜਿਸ ਨਾਲ ਸਮਾਜਕ ਗਤੀ ਵਿਚ ਸਥਿਰਤਾ ਬਣੀ ਰਹਿੰਦੀ ਹੈ ਤੇ ਨਸਲ-ਏ-ਇਨਸਾਨੀ ਦੀ ਹੋਂਦ ਬਰਕਰਾਰ ਰਹਿੰਦੀ ਹੈ।

ਸਮਾਜ-ਸ਼ਾਸਤਰ ਸਿਰਫ ਘਟਨਾਵਾਂ ਦਾ ਅਧਿਐਨ ਨਹੀਂ ਕਰਦਾ ਇਹ ਇਕੱਲਾ ਸਿਧਾਂਤਕ ਪੱਧਰ ਉੱਪਰ ਹੀ ਘਟਨਾਵਾਂ ਦਾ ਵਿਸ਼ਲੇਸ਼ਣ ਨਹੀਂ ਕਰਦਾ ਸਗੋਂ ਵਿਹਾਰਕ ਅਧਿਐਨ ਵੀ ਕਰਦਾ ਹੈ। ਜਿਸਦੀ ਹਾਮੀ ਅਮਰੀਕੀ ਸਮਾਜ-ਸ਼ਾਸਤਰੀ ਕਿੰਬਲ ਯੰਗ ਦੇ ਵਿਚਾਰ ਭਰਦੇ ਹਨ

> *"ਸਮਾਜ-ਸ਼ਾਸਤਰ ਸਮਾਜ ਵਿਚ ਮਨੁੱਖ ਦਾ ਇਕ ਨਿਯਮਬੰਦ ਅਤੇ ਵਿਵਸਥਿਤ ਅਧਿਐਨ ਹੈ। ਸਮਾਜ ਵਿਚ ਮਨੁੱਖ ਦਾ ਅਰਥ ਹੈ, ਸਮੂਹਿਕ ਜੀਵਨ। ਸਮਾਜ-ਸ਼ਾਸਤਰ ਦੇ ਅਧਿਐਨ ਵਿਚ ਰੀਤੀਰਿਵਾਜ, ਪਰੰਪਰਾਵਾਂ, ਸੰਸਥਾਵਾਂ ਅਤੇ ਸਮੂਹਿਕ ਜੀਵਨ ਨਾਲ ਸਬੰਧਿਤ ਸੋਚਣ ਅਤੇ ਜੀਵਨ ਦੇ ਢੰਗ ਵੀ ਸਾਮਲ ਹਨ।"* [2]

ਮਨੁੱਖੀ ਸਮਾਜ ਦਾ ਇਤਿਹਾਸ ਬਹੁਤ ਪੁਰਾਣਾ ਹੈ ਪਰੰਤੂ ਇਸ ਦਾ ਅਧਿਐਨ ਨਵਾਂ ਵਰਤਾਰਾ ਹੈ। ਜਿਸ ਨੂੰ ਸਮਾਜ-ਸ਼ਾਸਤਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਿਸ ਦਾ ਜਨਮ ਪੱਛਮ ਵਿੱਚ 19 ਵੀਂ ਸਦੀ ਵਿੱਚ 'ਅਗਸਤ ਕਾਮਤੇ' ਦੁਆਰਾ ਹੋਇਆ ਮੰਨਿਆਂ ਜਾਂਦਾ ਹੈ। ਸਮਾਜ-ਸ਼ਾਸਤਰ ਮਨੁੱਖ ਦੁਆਰਾ ਸਿਰਜਤ ਸਮਾਜ ਦਾ ਵਿਗਿਆਨਿਕ ਅਧਿਐਨ ਕਰਦਾ ਹੈ। ਸਮਾਜ ਸੰਬੰਧੀ ਚਰਚਾ ਭਾਵੇਂ ਪ੍ਰਾਚੀਨ ਗ੍ਰੰਥਾਂ ਅਤੇ ਯੂਨਾਨੀ ਵਿਚਾਰਕਾਂ ਪਲੈਟੋ, ਅਰਸਤੂ ਦੀਆਂ ਰਚਨਾਵਾਂ ਵਿੱਚ ਮਿਲਦੀ ਹੈ। ਪ੍ਰੰਤੂ ਵਿਵਸਥਿਤ ਸਮਾਜ ਵਿਗਿਆਨ ਨੂੰ ਸਥਾਪਿਤ ਕਰਨ ਦਾ ਕਾਰਜ ਅਗਸਤ ਕਾਮਤੇ ਦੁਆਰਾ ਕੀਤਾ ਗਿਆ, ਸਮਾਜ-ਸ਼ਾਸਤਰ ਦੇ ਹੋਰ ਬਹੁਤ ਸਾਰੇ ਚਿੰਤਕ ਹੋਏ ਹਨ। ਜਿੰਨ੍ਹਾਂ ਨੇ ਕਾਮਤੇ ਤੋਂ ਬਾਅਦ ਸਮਾਜ-ਸ਼ਾਸਤਰ ਦੀ ਅੱਗੇ ਹੋਰ ਇਕਾਈਆਂ ਵਿਚ ਵੰਡ ਅਤੇ ਵਿਆਖਿਆ ਕੀਤੀ ਹੈ।

ਬੂਟਾ ਸਿੰਘ ਸ਼ਾਦ ਵੀਹਵੀਂ ਸਦੀ ਦਾ ਨਾਵਲਕਾਰ ਹੈ। ਜੇਕਰ ਅਸੀਂ ਵੀਹਵੀਂ ਸਦੀ ਦੇ ਪਿੰਡਾਂ ਦੀ ਸਮਾਜਕ ਬਣਤਰ, ਸੱਭਿਆਚਾਰ, ਧਾਰਮਿਕ ਰਹੁ-ਰੀਤਾਂ, ਰਾਜਨੀਤੀ ਆਦਿ ਦਾ ਅਧਿਐਨ ਕਰਨਾ ਹੈ, ਤਾਂ ਸ਼ਾਦ ਨੂੰ ਪੜ੍ਹਨਾਂ ਬੇਹੱਦ ਜ਼ਰੂਰੀ ਹੈ। ਉਸਦੇ ਨਾਵਲਾ ਵਿੱਚ 'ਪੇਂਡੂ ਯਥਾਰਥ' ਦਾ ਸਾਹਿਤਕ ਚਿਤਰਨ ਮਿਲਦਾ ਹੈ। ਉਹ ਇਸ ਸਭ ਕਾਸੇ ਨੂੰ ਚਿਤਰਨ ਲਈ ਕੋਈ ਉਚੇਚਾ ਯਤਨ ਨਹੀਂ ਕਰਦਾ ਸਗੋਂ ਉਸਦੇ ਪਾਤਰ ਤੇ ਕਥਾ ਸਹਿਜ ਸੁਭਾਅ ਹੀ ਤੁਰਦੇ ਰਹਿੰਦੇ ਹਨ।

ਸ਼ਾਦ ਦਾ ਹਥਲਾ ਨਾਵਲ ਪਹਿਲੀ ਨਜ਼ਰੇ ਇਸ਼ਕ ਮਜਾਜੀ ਦੀ ਆਮ ਜਿਹੀ ਕਹਾਣੀ ਲਗਦਾ ਹੈ। ਪਰ ਨਾਵਲੀ ਪਾਠ ਉਪਰੰਤ ਇਹ ਨਾਵਲ ਇਸ਼ਕ ਹਕੀਕੀ ਦੀ ਕਹਾਣੀ ਹੋ ਨਿਬੜਦਾ ਹੈ, ਕਿਵੇਂ ਰਣਜੀਤ ਤੇ ਸ਼ੀਤਲ ਆਪਣੇ ਇਸ਼ਕ ਦੇ ਸਿਦਕ ਨੂੰ ਪੂਰਦੇ ਹਨ, ਤੇ ਕਿਵੇਂ ਸਹਾਇਕ ਪਾਤਰ ਇਸ ਬਿਖਮ ਕਾਰਜ ਵਿੱਚ ਉਨ੍ਹਾਂ ਦੋਵਾਂ ਦਾ ਸਾਥ ਦਿੰਦੇ ਹਨ। ਨਾਵਲ ਦਾ ਨਾਇਕ ਰਣਜੀਤ ਹੈ ਜੋ ਵੂਮੈਨ ਕਾਲਜ ਵਿੱਚ ਇੱਕਲਾ ਮਰਦ ਪ੍ਰੋਫੈਸਰ ਸੀ। ਜਿਸ ਕਾਰਨ ਉਸਦੀ ਕਾਲਜ ਵਿੱਚ ਚੜ੍ਹਤ ਸੀ। ਕੁੜੀਆਂ ਉਸ ਨਾਲ ਗੱਲ ਕਰਨ ਦੇ ਬਹਾਨੇ ਲੱਭਦੀਆਂ ਜਿਸ ਕਾਰਨ ਫੀਮੇਲ ਸਟਾਫ ਉਸ ਨਾਲ ਖ਼ਾਰ ਖਾਂਦਾ ਸੀ। ਜਿਸ ਕਾਰਨ ਉਸ ਤੇ ਬਹੁਤੀ ਵਾਰ ਕਾਲਜ ਵਿਚੋ ਕੱਡਣ ਲਈ ਝੂਠੇ ਇਲਜ਼ਾਮ ਲਗਾਏ ਜਾਦੇ ਰਹੇ।

> *ਕੁੜੀਆਂ ਦੀਆਂ ਗੱਲਾਂ ਦਾ ਵਿਸ਼ਾ ਸੀ 'ਜਵਾਨੀ' ਕੁੜੀਆਂ ਬਹਾਨੇ ਭਾਲਦੀਆਂ 'ਸਰ' ਨਾਲ ਗੱਲੀਂਆ ਲੱਗਦੀਆਂ।* [3]

ਪਰ ਰਣਜੀਤ ਦਾ ਰੂਹਾਨੀ ਪਿਆਰ ਸ਼ੀਤਲ ਨਾਲ ਹੈ। ਜਿਸ ਕਾਰਨ ਕੋਈ ਵੀ ਮੇਨਕਾ ਉਸਦਾ ਤਪ ਭੰਗ ਨਹੀਂ ਕਰ ਸਕਦੀ। ਕਾਲਜ ਵਿੱਚ ਉਸਨੂੰ ਆਪਣੀ ਇੱਜਤ, ਮਾਣ, ਰੁਤਬੇ ਦਾ ਖਿਆਲ ਸੀ। ਮਾਂ ਬਾਪ ਦੇ ਅਕਾਲ ਚਲਾਣੇ ਤੋਂ ਬਾਅਦ ਰਣਜੀਤ ਚਾਚੇ-ਚਾਚੀ ਕੋਲ ਪਲਦਾ ਹੈ। ਰਣਜੀਤ ਸਮਜਕ ਬੰਧਨਾਂ ਤੋਂ, ਲੋਕਾਂ ਦੇ ਲਾਲਚ ਤੋਂ ਅੱਕਿਆ ਹੋਇਆ ਹੈ। ਉਸਨੂੰ ਕਿਸੇ ਚੀਜ਼ ਦੀ ਭੁੱਖ ਨਹੀਂ ਕੋਈ ਵੀ ਪਦਾਰਥ ਉਸਦਾ ਇਮਾਨ ਨਹੀਂ ਖਰੀਦ ਸਕਦਾ। ਉਸਦੇ ਆਲੇ-ਦੁਆਲੇ ਲਾਲਚੀ ਲੋਕਾਂ ਦੀ ਭਰਮਾਰ ਹੈ। ਚਾਚਾ ਜਿਸਦੀ ਅੱਖ ਉਸਦੀ ਜ਼ਮੀਨ ਤੇ ਹੈ ਜਿਸਦੇ ਲਾਲਚ ਵਿਚ ਉਹ ਰਣਜੀਤ ਦਾ ਵਿਆਹ ਉਸਤੋਂ ਵੀਹ ਸਾਲ ਵਫੇਰੀ ਉਮਰ ਦੀ ਔਰਤ ਨਾਲ ਕਰਵਾ ਦਿੰਦਾ ਹੈ। ਜਿਸ ਨਾਲ ਰਣਜੀਤ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ।

> *"ਚਾਚਾ ਜੀ ਦਾ ਕੋਈ ਦੋਸਤ ਸੀ। ਉਹ ਰਿਸ਼ਤਾ ਲੈ ਆਇਆ। ਮੈਂ ਪਿੰਡ ਛੁੱਟੀਆ ਕੱਟਣ ਗਿਆ ਸਾਂ ਕਿ ਸ਼ਗਨ ਪੁਆ ਆਇਆ। ਛੇ ਮਹੀਨੇ ਬਾਅਦ ਜ਼ਬਰਦਸਤੀ ਵਿਆਹ ਕਰ ਦਿੱਤਾ। ਇਹ ਸਾਰਾ ਕੁਛ ਬੀ.ਏ ਤੋਂ ਪਹਿਲਾਂ ਹੀ ਹੋਇਆ ਸੀ।"* [4]

ਜੋੜੀਆਂ ਜੱਗ ਥੋੜੀਆਂ, ਨਰੜ ਬਥੇਰੇ। ਇਹ ਕਹਾਵਤ ਨਾਇਕ ਰਣਜੀਤ ਦੇ ਵਿਆਹੁਤਾ ਜੀਵਨ ਤੇ ਢੁੱਕਦੀ ਸੀ। ਜਿਸਦਾ ਸੁਪਨਾ ਮਨੁੱਖ ਬੰਦ ਅੱਖਾਂ ਨਾਲ ਦੇਖਦਾ ਹੈ ਉਹੀ ਮਨੁੱਖ ਖੁੱਲੀਆਂ ਅੱਖਾਂ ਨਾਲ ਵੀ ਉਸਨੂੰ ਦਿਸਣਾ ਚਾਹੀਦਾ ਹੈ। ਭਾਵ ਵਿਆਹ ਜ਼ਿੰਦਗੀ ਦਾ ਅਤਿ ਮੱਹਤਪੂਰਣ ਕਾਰਜ ਹੁੰਦਾ ਹੈ। ਜਿਸ ਵਿੱਚ ਮੀਆਂ-ਬੀਵੀ ਦੋਵਾਂ ਦੀ ਰਜ਼ਾਮੰਦੀ ਹੋਣੀ ਜਰੂਰੀ ਹੈ। ਨਹੀਂ ਤਾਂ ਇਹ ਰਿਸ਼ਤਾ ਪ੍ਰੇਮ ਤੋਂ ਵਾਂਝਾ ਹੋਵੇਗਾ ਦੁੱਖ ਹੀ ਦੁੱਖ ਹੋਣਗੇ ਪਿਆਰ ਹੀ ਇੱਕੋ ਇਕ ਅਜਿਹਾ ਸੂਤਰ ਹੈ ਜਿਹੜਾ ਪਤੀ-ਪਤਨੀ ਨੂੰ ਆਪਸ ਵਿੱਚ ਜੋੜ ਕੇ ਰੱਖਦਾ ਹੈ।

ਕਾਲਜ ਵਿੱਚ ਇਕੱਲਾ ਰਣਜੀਤ ਮਰਦਾਨਾ ਪ੍ਰੋਫੈਸਰ ਹੋਣ ਕਰਕੇ ਜਿੱਥੇ ਬਹੁਤ ਸਾਰੀਆਂ ਕੁੜੀਆਂ, ਮੈਡਮਾ ਦੇ ਉਹ ਸੁਪਨਿਆਂ ਦਾ ਰਾਜਕੁਮਾਰ ਸੀ। ਉੱਥੇ 'ਯਾਰ ਮੈਡਮ' ਵੀ ਉਸਨੂੰ ਇਕਤਰਫਾ ਮੁਹੱਬਤ ਕਰਨ ਲੱਗਦੀ ਹੈ, ਪਰ ਉਹ ਰਣਜੀਤ ਦੀ ਬੀਤੀ ਜ਼ਿੰਦਗੀ ਤੇ ਵਰਤਮਾਨ ਹਲਾਤਾਂ ਬਾਰੇ ਚੰਗੀਂ ਤਰ੍ਹਾਂ ਜਾਣਦੀ ਹੈ। ਸ਼ੀਤਲ ਤੇ ਰਣਜੀਤ ਦੇ ਵਿਆਹ ਵਿੱਚ ਅੜਿਕਾ ਜ਼ਮੀਨ-ਜਾਇਦਾਦ ਹੈ। ਸ਼ੀਤਲ ਦਾ ਬਾਪ ਪਿੰਡ ਦਾ ਜਾਗੀਰਦਾਰ ਹੈ। ਉਸਦਾ ਭਰਾ ਜਸਵੰਤ ਵੈਲੀ ਕਿਸਮ ਦਾ ਬੰਦਾਂ ਹੈ। ਆਸੇ ਪਾਸੇ ਦੇ ਇਲਾਕੇ ਵਿਚ ਉਸਦੀ ਦਹਿਸ਼ਤ ਹੈ। ਉਹ ਜਾਗੀਰਦਾਰਾ ਦਾ ਵਿਗੜਿਆ ਹੋਇਆ 'ਕਾਕਾ' ਹੈ।

> *"ਹਜ਼ਾਰਾਂ ਮਣ ਸਾਲ 'ਚ ਕਪਾਹ ਹੁੰਦੀ ਸੀ ਤੇ ਬਾਕੀ ਦੀ ਫਸਲ ਦੀ ਵੀ ਕੋਈ ਗਿਣਤੀ ਨਹੀਂ ਸੀ।"* [5]

ਰਣਜੀਤ ਖੁਦ ਜੱਟ ਜਾਤੀ ਨਾਲ ਸੰਬੰਧ ਰੱਖਦਾ ਸੀ। ਉਸਦੇ ਕੋਲ ਵੀ ਆਪਣੀ ਜ਼ਮੀਨ ਸੀ। ਪਰ ਪੰਜਾਬ(ਭਾਰਤ) ਅੰਦਰ ਜਾਤ-ਪਾਤ ਦਾ ਢਾਂਚਾ ਐਨਾ ਕਰੜਾ ਹੈ ਕੇ ਇਸਨੂੰ ਪਾਰ ਕਰ ਸਕਣਾ ਅਸੰਭਵ ਹੈ। ਇੱਥੇ ਬੰਦੇਂ ਦੀ ਜਾਤ ਦੇ ਨਾਲ-ਨਾਲ ਉਸਦਾ ਸਮਾਜਕ ਰੁਤਬਾ, ਰਹਿਣ-ਸਹਿਣ ਵੀ ਮਾਪਿਆ-ਤੋਲਿਆ ਜਾਂਦਾ ਹੈ। ਇਸੇ ਤਰਾਂ 50 ਕਿੱਲਿਆਂ ਵਾਲਾ ਜੱਟ 5 ਕਿੱਲਿਆਂ ਵਾਲੇ ਦੇ ਰਿਸ਼ਤਾ ਨਹੀਂ ਕਰਦਾ ? ਹੁਣ ਉਹਦੇ ਲਈ ਇੱਕੋ ਜਾਤ ਹੁੰਦੇ ਹੋਏ ਵੀ 5 ਕਿੱਲਿਆਂ ਵਾਲਾ ਜੱਟ ਸ਼ੂਦਰ ਆ ਕਿਉਂਕਿ ਦੋਵਾਂ ਦੇ ਰਹਿਣ-ਸਹਿਣ ਤੇ ਸਮਾਜਕ ਰੁਤਬੇ ਵਿੱਚ ਵੱਡਾ ਫਰਕ ਆ ਜਾਂਦਾ ਹੈ। ਇਹੋ ਜਿਹੇ ਸਮਾਜ ਵਿੱਚ ਰਣਜੀਤ ਵਰਗੇ ਸਾਊ ਬੰਦੇ ਦੀ ਪੜ੍ਹਾਈ-ਲਿਖਾਈ, ਲਿਆਕਤ, ਹਲੀਮੀ ਨਹੀਂ ਦੇਖੀ ਜਾਂਦੀ।

ਜਸਵੰਤ ਨੂੰ ਜਦ ਯਾਰ ਮੈਡਮ ਬਹਾਨੇ ਨਾਲ ਰਣਜੀਤ ਨਾਲ ਮਿਲਾਉਂਦੀ ਹੈ ਤਾਂ ਉਹ ਇਹ ਕਹਿਕੇ ਉਸਦੀ ਪੜ੍ਹਾਈ ਦਾ ਮਜ਼ਾਕ ਉਡਾਉਂਦਾ ਹੈ।

*"ਤੁਹਾਡਾ ਮਤਲਬ ਕਿਸੇ ਐਰ ਗ਼ੈਰ ਨਾਲ ਕੁੜੀ ਵਿਆਹ ਦੇਈਏ ?"*

*"ਨਹੀਂ ਜੀ- ਕਿਸੇ ਪੜ੍ਹੇ ਲਿਖੇ ਨੇਕ ਚਲਨ ਲੜਕੇ ਨਾਲ।*

*"ਨਹੀਂ ਜੀ- ਇਨ੍ਹਾਂ ਕਤਾਬੜੀਆਂ ਵਾਲਿਆਂ ਪਾਸ ਚਾਰ ਚਿੱਟੇ ਕੱਪੜਿਆਂ ਤੋਂ ਵੱਧ ਕੀ ਹੁੰਦੈ।"* [6]

ਜਸਵੰਤ ਵੈਲੀ ਕਿਸਮ ਦਾ ਬੰਦਾਂ ਹੈ। ਸਾਰੇ ਮਰਦ ਉਸਨੂੰ ਆਪਣੇ ਵਰਗੇ ਚਰਿੱਤਰਹੀਣ ਲਗਦੇ ਹਨ। ਹੁਣ ਉਸਦੀ ਅੱਖ ਯਾਰ ਮੈਡਮ ਤੇ ਹੈ ਮੈਡਮ ਉਸਦੀ ਕਾਮ ਭੁੱਖ ਨੂੰ ਸਮਝਦੀ ਹੈ। ਉਸਨੂੰ ਇਹੋ ਮੌਕਾ ਸਹੀ ਲਗਦਾ ਹੈ, ਜਦੋਂ ਉਹ ਆਪਣੇ ਹੁਸਨ ਦਾ ਜਾਲ ਸੁੱਟ ਕੇ ਜਸਵੰਤ ਨੂੰ ਸ਼ੀਤਲ ਤੇ ਰਣਜੀਤ ਦੇ ਵਿਆਹ ਬਾਰੇ ਰਾਜੀ ਕਰ ਸਕਦੀ ਹੈ। ਭਾਂਵੇ ਉਸਨੂੰ ਇਸ ਲਈ ਆਪਣੀ ਬਲੀ ਦੇਣੀ ਹੋਵੇਗੀ ਪਰ ਉਹ ਇਸ ਬਲੀਦਾਨ ਲਈਂ ਤਨੋ-ਮਨੋਂ ਤਿਆਰ ਹੋ ਚੁੱਕੀ ਹੈ।

*"ਮੈਂ ਕਿਵੇਂ ਮੰਨਾਂ ?"*

*"ਹੁਕਮ ਕਰ ਕੀ ਚਾਹੀਦਾ ?"*

*"ਸ਼ੀਤਲ। "*

*"ਦਿੱਤੀ। "*

*"ਰਣਜੀਤ ਨਾਲ ਵਿਆਹ ਕਰਾਗੀ। "*

*"ਕਤਾਬੜੀਆਂ ਵਾਲੇ ਨਾਲ ? ਉਹ ਡਰਾਉਣਾ ਹਾਸਾ ਹੱਸਿਆਂ ਜਿਵੇਂ ਬਘਿਆੜ ਭੁੱਖਾ ਹੋਇਆ ਹੋਵੇ।"* [7]

ਰਣਜੀਤ ਯਾਰ ਮੈਡਮ ਦੀ ਕੁਰਬਾਨੀ ਬਾਰੇ ਅਣਜਾਨ ਹੈ। ਮੈਡਮ ਉਸਨੂੰ ਬਿਨ੍ਹਾਂ ਦੱਸੇ ਬਾਹਰੇ-ਬਾਹਰ ਹੀ ਜਸਵੰਤ ਨਾਲ ਆਪਣੀ ਇੱਜਤ ਦਾ ਸੌਦਾ ਕਰੀ ਫਿਰਦੀ ਹੈ। ਸਿਰਫ ਤੇ ਸਿਰਫ ਰਣਜੀਤ ਤੇ ਸ਼ੀਤਲ ਦੇ ਮੇਲ ਲਈ। ਪ੍ਰੋ. ਮੈਡਮ ਦਾ ਪਿਆਰ ਨਿਰਸਵਾਰਥ ਹੈ। ਇਹ ਰੂਹਾਨੀ ਕਿਸਮ ਦਾ ਇਸ਼ਕ ਹਕੀਕੀ ਪਿਆਰ ਜਿਸ ਵਿਚ ਮਹਿਬੂਬ ਨੇ ਮਿਲਣਾ ਨਹੀਂ ਹੁੰਦਾ ਪਰ ਬੰਦਾਂ ਫਿਰ ਵੀ ਉਸ ਲਈ ਆਪਣੀ ਜਾਨ ਦੇਣ ਨੂੰ ਤਿਆਰ ਹੁੰਦਾ। ਕਿਸੇ ਦੂਜੇ ਦੀ ਖੁਸ਼ੀ ਵਿਚ ਹੀ ਉਸਦੀ ਆਪਣੀ ਖੁਸ਼ੀ ਹੁੰਦੀ ਹੈ। ਕਦੇ-ਕਦੇ ਮੈਡਮ ਰਣਜੀਤ ਨਾਲ ਦਿਲ ਦੀਆਂ ਗੱਲਾਂ ਕਰਦੀ ਭਾਵੁਕ ਹੋ ਜਾਂਦੀ ਹੈ। ਉਹ ਦਰਦ ਦੇ ਡੂੰਘੇ ਵਹਿਣਾ ਵਿਚ ਵਹਿ ਤੁਰਦੀ ਹੈ।

*"ਢਾਈ ਮਹੀਨਿਆ ਦੀ ਜੁਦਾਈ ਕੱਟਣੀ ਬਹੁਤ ਕਠਿਨ ਹੈ ਯਾਰ।"*

*ਮੈਡਮ ਸੋਚਦੀ ਰਣਜੀਤ ਦੀਆਂ ਅੱਖਾਂ 'ਚ ਡੁੱਬ ਗਈ।*

*" ਇਕ ਗੱਲ ਦੀ ਸਮਝ ਨਹੀਂ ਆਈ ?"*

*" ਕਿਹੜੀ ਦੀ ?"*

*"ਜੇਕਰ ਸੰਜੋਗ ਨਹੀਂ ਸਨ ਕੁਦਰਤ ਨੇ ਸਾਡੀ ਸਾਂਝ ਇਤਨੀ ਗਹਿਰੀ ਕਿਉਂ ਬਣਾਈ ?"* [8]

ਰਣਜੀਤ ਆਪਣੀ ਆਦਤ ਮੁਤਾਬਿਕ ਗਹਿਰੀ ਸੋਚ ਵਿਚੋ ਯਾਰ ਮੈਡਮ ਦੇ ਦਰਦ ਨੂੰ ਸਮਝਦਾ ਹੋਇਆ ਆਖਦਾ ਹੈ,

*"ਮੁਹੱਬਤ ਤਾਂ ਕੁਦਰਤ ਦੀ ਰੂਹਾਨੀ ਦਾਤ ਆ ਕਿਸ ਨੇ ਕਿਸ ਨੂੰ ਚਾਹੁਣਾ ਇਹ ਬੰਦੇ ਦੇ ਵੱਸ ਦੀ ਗੱਲ ਨਹੀਂ ਇਸ ਚਾਹਤ ਤੋਂ ਤਾਂ ਰੱਬ ਆਪ ਵੀ ਨਹੀਂ ਬਚ ਸਕਿਆ।*

*"ਵਾਰਿਸ਼ ਸ਼ਾਹ ਨੇ ਆਪਣੀ ਸ਼ਾਹਕਾਰ ਰਚਨਾ 'ਹੀਰ' ਵਿੱਚ ਇਸਦਾ ਬਾਖੂਬੀ ਬਿਆਨ ਕੀਤਾ ਹੈ।*

*"ਪਹਿਲੇ ਆਪ ਹੈ ਰਬ ਨੇ ਇਸ਼ਕ ਕੀਤਾ, ਮਾਸ਼ੂਕ ਹੈ ਨਬੀ ਰਸੂਲ ਮੀਆਂ।"* [9]

ਜਿਵੇਂ-ਜਿਵੇਂ ਇਕਰਾਰ ਵਾਲਾ ਦਿਨ ਨੇੜੇ ਆ ਰਿਹਾ ਸੀ, ਮੈਡਮ ਦਾ ਦਿਲ ਡੁੱਬਦਾ ਜਾਂਦਾ ਸੀ। ਮ੍ਰਨ ਵਰਗੀ ਮੈਡਮ ਬਘਿਆੜ ਵਰਗੇ ਜਸਵੰਤ ਤੋਂ ਹਲਾਕ ਹੋਣ ਦਾ ਸੋਚ ਕੇ ਕੰਬ-ਕੰਬ ਜਾਂਦੀ ਤੇ ਉਹ ਸੋਚਦੀ ਜਿਸ ਬੰਦੇਂ ਨਾਲ ਕਦੇ ਮਨ ਹੀ ਨਾ ਮਿਲਿਆ ਹੋਵੇ, ਕੋਈ ਦਿਲ ਦੀ ਸਾਂਝ ਹੀ ਨਾ ਹੋਵੇ ਉਸ ਬੰਦੇ ਨਾਲ ਇਕੋਂ ਝਟਕੇ ਨਾਲ ਸਰੀਰ ਦੇ ਸਾਰੇ ਕੱਪੜੇ ਉਤਾਰ ਸੌ ਜਾਣਾ....

ਇਹ ਸੋਚਾਂ ਉਸਦੇ ਮਨ ਨੂੰ ਥਾਲੀ ਵਿਚ ਰੱਖੇ ਪਾਣੀ ਵਾਂਗ ਡੋਲਣ ਲਾਈ ਰੱਖਦੀਆਂ ਪਰ ਫਿਰ ਉਹ ਆਪਣੇ ਮਨ ਨੂੰ ਕਰੜਾ ਕਰ ਲੈਂਦੀ। ਆਖਿਰ ਉਹ ਦਿਨ ਵੀ ਆ ਗਿਆ ਜਿਸਦਾ ਇੰਤਜ਼ਾਰ ਸੀ। ਦੋ ਘੰਟਿਆਂ ਦੀ ਵਾਟ ਜਸਵੰਤ ਨੇ ਘੰਟੇ ਵਿਚ ਹੀ ਮੁਕਾ ਦਿੱਤੀ ਜੀਪ ਹਵਾ ਨੂੰ ਚੀਰਦੀ ਹੋਈ ਕਾਲਜ ਵੱਲ ਨੂੰ ਭੱਜੀ ਜਾਂਦੀ ਸੀ।

ਮੈਡਮ ਨੂੰ ਨਾਲ ਲੈ ਕੇ ਆਪਣੇ ਖੇਤ 'ਵਿਸ਼ਰਾਮ ਘਰ' ਵਿੱਚ ਲੈ ਆਇਆ ਜਿੱਥੇ 'ਸੁਹਾਗਰਾਤ' ਦਾ ਸਾਰਾ ਇੰਤਜ਼ਾਮ ਨੌਕਰਾਂ ਨੇ ਪਹਿਲਾਂ ਹੀ ਕਰ ਰੱਖਿਆ ਸੀ। ਯਾਰ ਮੈਡਮ ਸੱਜਿਆ-ਸੰਵਰਿਆਂ ਵਿਸ਼ਰਾਮ ਘਰ ਦੇਖ ਕੇ ਮਨੇ-ਮਨ ਸੋਚਦੀ ਕਿ ਪਤਾ ਨਹੀਂ ਇੱਥੇ ਮੇਰੇ ਵਰਗੀਆਂ ਕਿੰਨੀਆਂ ਕੁ ਕੁੜੀਆਂ ਦੀਆਂ ਚੀਕਾਂ ਜਾਗੀਰਦਾਰ ਜਸਵੰਤ ਸਿੰਘ ਦੇ ਹਜ਼ਾਰਾਂ ਕਿੱਲਿਆਂ ਵਿਚ ਦਫਨ ਹੋ ਜਾਂਦੀਆਂ ਰਹੀਆਂ ਹੋਣਗੀਆਂ।

*"ਮੈਡਮ ਦੀਆਂ ਸ਼ਰਾਬੀ ਜਿਹੀਆਂ ਚੀਕਾਂ ਇਸ ਤਰ੍ਹਾਂ ਉਠ ਰਹੀਆਂ ਸਨ ਜਿਵੇਂ ਕੋਈ ਜਿੰਦ ਪਹਾੜ ਦੇ ਖਰਾੜੇ ਥੱਲੇ ਆ ਗਈ ਹੋਵੇ-ਜਿਵੇਂ ਬੱਕਰੇ ਨੂੰ ਖੁੰਢੇ ਟੋਕੇ ਨਾਲ ਬਾਰ ਬਾਰ ਕਟਿਆ ਜਾ ਰਿਹਾ ਹੋਵੇ। ਬਾਹਰ ਨੌਕਰ ਚੀਕਾਂ 'ਚੋ ਸਵਾਦ ਲੈਂਦੇ ਸੁਆਦ ਸੁਆਦ ਹੋ ਰਹੇ ਸਨ। ਬਿਸਤਰੇ 'ਤੇ ਢੇਰੀ ਗੁਲਾਬ ਦੀਆਂ ਪੱਤੀਆਂ ਲਹੂ 'ਚ ਗੱਚ ਹੋ ਗਈਆਂ ਸਨ।"* [10]

ਮੈਡਮ ਦੀ ਇਹ ਕੁਰਬਾਨੀ ਨਿਰਸਵਾਰਥ ਸੀ। ਜਿਸਦਾ ਪਤਾ ਉਸ ਨੂੰ ਵੀ ਨਹੀਂ ਸੀ, ਜਿਸ ਲਈ ਇਹ ਕੁਰਬਾਨੀ ਦਿੱਤੀ ਗਈ ਸੀ। ਮਰਦ ਤਾਂ ਯਾਰੀ, ਦੋਸਤੀ ਪਿੱਛੇ ਬਹੁਤ ਕੁਰਬਾਨ ਹੁੰਦੇ ਆਏ ਹਨ, ਪਰ ਇਹ ਪਹਿਲੀ ਔਰਤ ਸੀ, ਜਿਸ ਨੇ ਕਿਸੇ ਦੇ ਪਿਆਰ ਨੂੰ ਬਚਾਉਣ ਖਾਤਰ ਆਪਣੇ ਪਿਆਰ ਤੇ ਅਰਮਾਨਾ ਦੀ ਬਲੀ ਦੇ ਦਿੱਤੀ ਸੀ। ਜਸਵੰਤ ਉਹ ਮਰਦ ਦੀ ਕਿਸਮ ਦਾ ਬੰਦਾ ਸੀ ਜਿਸਨੂੰ ਔਰਤ 'ਸੈਕਸ ਤੋਂ ਅੱਗੇ ਦਿੱਸਦੀ ਹੀ ਨਹੀਂ' ਉਹਨੇ ਪਤਾ ਨਹੀਂ ਆਪਣੇ ਇਸ ਵਿਸ਼ਰਾਮ ਘਰ ਵਿੱਚ ਕਿੰਨੀਆਂ ਕੁ ਲੜਕੀਆਂ ਦੀ ਇੱਜਤ ਤਾਰ-ਤਾਰ ਕੀਤੀ ਸੀ। ਔਰਤ ਉਸ ਲਈ ਮਨੋਰੰਜਨ, ਭੋਗ-ਵਿਲਾਸ ਦਾ ਸਾਧਨ ਮਾਤਰ ਸੀ। ਉਹ ਆਪਣੇ ਹੋਰ ਯਾਰਾਂ, ਦੋਸਤਾਂ

ਜਾਗੀਰਦਾਰਾ ਦੇ ਕਾਕਿਆ ਨਾਲ ਰਲ ਮਿਲ ਕੇ ਰੰਗ-ਰਲੀਆਂ ਮਨਾਉਣ ਦਾ ਸ਼ੌਕੀਨ ਸੀ। ਇਹ ਵਿਗੜੇ ਹੋਏ ਕਾਕੇ ਵਾਰੀ ਨਾਲ ਆਸੇ ਪਾਸੇ ਦੀਆਂ ਗਰੀਬ, ਲੋੜਮੰਦ ਕੁੜੀਆਂ ਲਿਆਉਂਦੇ ਤੇ ਰਲ ਮਿਲ ਕੇ ਉਨ੍ਹਾਂ ਨਾਲ ਮੌਜ-ਮਸਤੀ ਕਰਦੇ ਤੇ ਵਰਤ ਕੇ ਛੱਡ ਦਿੰਦੇ। ਉਹਨਾਂ ਲਈ ਪਿਆਰ, ਮੁਹੱਬਤ, ਵਫ਼ਾ ਕੋਈ ਅਲੋਕਾਰੀ 'ਸ਼ੈਅ' ਦਾ ਨਾਂ ਸੀ।

ਜਸਵੰਤ ਲਈ ਮੈਡਮ ਨਾਲ ਕੀਤਾ ਵਾਅਦਾ ਧੋਖਾ ਸੀ। ਉਹ ਸਿਰਫ ਉਸਨੂੰ ਭੋਗਣਾ ਚਾਹੁੰਦਾ ਸੀ, ਤੇ ਫਿਰ ਆਪਣੇ ਯਾਰਾਂ ਅੱਗੇ ਪਰੋਸਣਾ ਚਾਹੁੰਦਾ ਸੀ। ਕਿਉਂਕਿ ਸਾਰੇ ਕਾਕੇ ਰਲ ਮਿਲ ਕੇ ਅੱਯਾਸ਼ੀ ਕਰਿਆ ਕਰਦੇ ਸਨ, ਕਦੇ ਕੋਈ ਇੱਕ ਕਾਕਾ ਆਪਣੇ 'ਵਿਸ਼ਰਾਮ ਘਰ' ਵਿਚ 'ਨਰਸ' ਲਿਆਉਦੇ ਤੇ ਸਾਰੇ ਰਲ ਮਿਲ ਕੇ ਭੋਗਦੇ। ਯਾਰ ਮੈਡਮ ਦੀ ਰੂਹ ਕਤਲ ਕਰਕੇ ਜਸਵੰਤ ਆਪਣੇ ਵਾਅਦੇ ਤੋਂ ਮੁੱਕਰ ਜਾਂਦਾ ਹੈ। ਉਹ ਰਣਜੀਤ ਨੂੰ ਅਗਵਾ ਕਰਕੇ ਰੇਲਵੇ ਲਾਇਨ ਤੇ ਅੱਧ ਮਰਿਆ ਕਰਕੇ ਸੁੱਟ ਜਾਂਦਾ ਹੈ। ਕਿਉਂਕਿ ਉਸਨੂੰ ਸ਼ੀਤਲ ਤੇ ਰਣਜੀਤ ਦੇ ਸੰਬੰਧਾਂ ਬਾਰੇ ਪਤਾ ਲੱਗ ਗਿਆ ਸੀ। ਜਿਸਦਾ ਬਦਲਾ ਲੈਣ ਦੀ ਤਾਕ ਵਿਚ ਉਹ ਬਹੁਤ ਚਿਰ ਦਾ ਆਪਣੇ ਅੰਦਰ ਵਿਹੁ ਘੋਲ ਰਿਹਾ ਸੀ। ਉਹ ਆਪਣੇ ਜਾਤੀ ਹੰਕਾਰ ਵਿਚ ਇਹ ਬਰਦਾਸ਼ਤ ਹੀ ਨਹੀਂ ਕਰ ਸਕਿਆ ਸੀ, ਕਿ ਕੋਈ ਮਾਮੂਲੀ ਜਿਹਾ ਮਾਸਟਰ ਉਨ੍ਹਾਂ ਦੀ ਹਵੇਲੀ ਦੀ ਔਰਤ ਨਾਲ ਇਸ਼ਕ ਕਰਦਾ ਤੇ ਬਚ ਕੇ ਨਿੰਕਲ ਜਾਂਦਾ। ਉਸ ਲਈ ਔਰਤ ਦਾ ਮਤਲਬ ਸਿਰਫ ਆਪਣੇ ਘਰ ਦੀਆਂ ਔਰਤਾਂ ਤੋਂ ਸੀ ਜਦ ਕੇ ਦੂਜੀਆਂ ਸਾਰੀਆਂ ਔਰਤਾਂ ਉਸ ਲਈ ਮੋਮ ਦੀਆਂ ਗੁੱਡੀਆਂ ਸਨ। ਜਿੰਨ੍ਹਾਂ ਨੂੰ ਮਨ-ਮਰਜ਼ੀ ਨਾਲ ਜਦੋਂ ਚਾਹੇ ਤੋੜਿਆ, ਮਰੋੜਿਆਂ ਜਾ ਸਕਦਾ ਸੀ। ਏਸੇ ਅਖੌਤੀ ਅਣਖ ਕਰਕੇ ਉਹ ਰਣਜੀਤ ਨੂੰ ਕਤਲ ਕਰਨ ਲਈ ਅਗਵਾ ਕਰ ਲੈਂਦਾ ਹੈ।

*"ਪੂਰੀ ਨਿਸ਼ਾ ਕਰਕੇ ਤੁਰਾਂਗੇ-ਫੜਾ ਉਰਾਂ ਟੋਕਾ-" ਜਸਵੰਤ ਨੇ ਟੋਕਾ ਫੜ ਲਿਆ।*

*ਜੀਪ ਦੇ ਅਗਲੇ ਬੰਪਰ ਉਪਰ ਧਰਕੇ ਰਣਜੀਤ ਦਾ ਸੱਜਾ ਹੱਥ ਕੱਟ ਦਿੱਤਾ।*

*"ਸ਼ਾਇਦ ਇਸ ਹੱਥ ਨਾਲ ਕਦੇ ਚਿੱਠੀ ਲਿਖੀ ਹੋਵੇ। "*

*ਗੱਡੀ ਬੋਟੀ ਬੋਟੀ ਕਰਕੇ ਖਲਾਰਦੂ-ਸ਼ਨਾਖਤਾਂ ਦੀ ਗੱਲ ਕਰਦੈ।*

*ਸ਼ਕਲ ਤਾਂ ਪਛਾਨਣ ਜੋਗੀ ਮੈਂ ਛੱਡੀ ਹੀ ਨਹੀਂ।* [11]

ਜਦ ਮੈਡਮ ਤੇ ਸ਼ੀਤਲ ਨੂੰ ਰਣਜੀਤ ਦੇ ਕਤਲ ਦਾ ਪਤਾ ਲਗਦਾ ਹੈ ਤਾਂ ਦੋਵੇ ਗਸ਼ ਖਾ ਕੇ ਧਰਤੀ ਤੇ ਡਿੱਗ ਪੈਂਦੀਆਂ ਹਨ। ਤੇ ਅਖੀਰ ਸ਼ੀਤਲ ਨੂੰ ' ਕੁੱਤਿਆ ਵਾਲੇ ਸਰਦਾਰ' ਵਿਆਹ ਕੇ ਲੈ ਜਾਂਦੇ ਹਨ।

*"ਤੇਰੀ ਹਾਂ ਮੰਗ ਰਾਂਝਣਾ -" ਸ਼ੀਤਲ ਨੇ ਦੁਬਾਰਾ ਕਿਹਾ " ਖੇੜੇ ਨਹੀਂ ਲੈ ਜਾ ਸਕਦੇ"*

*ਉਹ ਮਨ ਦੇ ਝਰੋਖੇ 'ਚ ਬੈਠ ਰਣਜੀਤ ਨਾਲ ਗੱਲਾਂ ਕਰਦੀ ਰਹੀ।* [12]

ਡੋਲੀ ਤੁਰ ਜਾਣ ਤੋਂ ਮਗਰੋਂ ਮੈਡਮ ਦਾ ਰੋ-ਰੋ ਬੁਰਾ ਹਾਲ ਸੀ। ਵਿਆਹ ਦੇ ਕੰਮਾ ਤੋ ਵਿਹਲਾ ਹੋ ਕੇ ਜਸਵੰਤ ਨੂੰ ਮੈਡਮ ਨਾਲ ਇਕ ਹੋਰ ਰਾਤ ਬਿਤਾਉਣ ਦਾ ਚਾਅ ਸੀ। ਉਸਦੇ ਪੈਰ ਧਰਤੀ ਤੇ ਨਹੀਂ ਲਗਦੇ ਸਨ। ਜਸਵੰਤ ਤੇ ਉਸਦੇ ਯਾਰ ਰਲ ਕੇ ਮੈਡਮ ਦੀ ਰੂਹ ਨੋਚਣ ਦੀ ਤਿਆਰੀ ਵਿਚ ਸਨ। ਦੂਜੇ ਕਾਕੇ ਮੈਡਮ ਦਾ ਹੁਸਨ ਦੇਖ ਕੇ ਲਾਰਾਂ ਟਪਕਾਉਂਦੇ ਫਿਰਦੇ ਸਨ ਤੇ ਮਨੋ-ਮਨ ਜਸਵੰਤ ਤੇ ਔਖੇ ਸਨ ਕਿਉਂਕਿ ਉਹਨਾਂ ਤੋਂ ਉਹਲਾ ਰੱਖ ਉਹ ਮ੍ਰਨ ਵਰਗੀ ਮੈਡਮ ਦਾ ਕੱਲਾਂ ਸਵਾਦ ਲੈ ਰਿਹਾ ਸੀ, ਅੱਜ ਤੱਕ ਉਹ ਸਾਰੇ ਰਲ ਮਿਲ ਕੇ ਸ਼ਿਕਾਰ ਕਰਦੇ ਆਏ ਸਨ। ਪਹਿਲਾਂ ਜਸਵੰਤ ਕਮਰੇ ਅੰਦਰ ਦਾਖਲ ਹੋਇਆ ਮੈਡਮ ਨਾਲ ਕਲੋਲਾ ਕਰਨ ਲੱਗਾ-

*"ਮਾਊਜ਼ਰ 'ਚੋ ਗੋਲੀ ਚੱਲੀ ਜਿਹੜੀ ਜਸਵੰਤ ਦੀ ਛਾਤੀ ਪਾੜਦੀ ਉਪਰ ਛੱਤ ਦੀ ਇੱਟ ਭੰਨ ਗਈ। ਇਕ ਹੋਰ ਤੇ ਫੇਰ ਇਕ - ਹੋਰ।"*

*ਕਾਕਾ ਬਰਜਿੰਦਰ ਅੰਦਰ ਆ ਕੇ ਬਾਹਰ ਭੱਜਣ ਲੱਗਿਆ।*

*"ਤੈਨੂੰ ਵੀ ਨਿਰਾਸ਼ ਨੀ ਜਾਣ ਦਿਆਗੀ, ਵਾਰੀ ਲਾ ਕੇ ਜਾਈਂ। "*

*ਮੈਡਮ ਨੇ ਘੋੜਾ ਵਰ੍ਹਾਂਦਿਆਂ ਕਿਹਾ।"* [13]

ਜੇਕਰ ਔਰਤ ਨਰਮ ਦਿਲ ਮੋਮ ਦੀ ਗੁੱਡੀ ਹੈ, ਤਾਂ ਉਹ ਮਾਂ ਕਾਲੀ, ਮਾਂ ਦੁਰਗਾ ਵੀ ਹੈ। ਭਾਰਤੀ ਮਿਥਿਹਾਸ ਵਿਚ ਔਰਤ ਦੇ ਚੰਡੀ ਦੇ ਰੂਪ ਦੇ ਬਹੁਤ ਵਿਖਿਆਨ ਮਿਲਦੇ ਹਨ। ਕਿਵੇਂ ਉਹ ਚੰਡੀ ਰੂਪ ਧਾਰਨ ਕਰਕੇ ਰਾਖਸ਼ਸ਼ਾਂ ਦਾ ਸੰਘਾਰ ਕਰਦੀ ਹੈ। ਮਰਦ ਦਾ ਦੁਖਾਂਤ ਹੈ ਕਿ ਉਸਨੇ ਕਦੇ ਔਰਤ ਨੂੰ ਜਾਣਿਆ ਹੀ ਨਹੀਂ। ਮੁਕੰਮਲ ਔਰਤ ਉਸਨੂੰ ਮਿਲਦੀ ਆ ਜਿਸਨੂੰ 'ਉਹ'(ਔਰਤ) ਮੁਹੱਬਤ ਕਰਦੀ ਆ, ਮਰਦ ਨੇ ਔਰਤ ਨਾਲ ਸਿਰਫ ਸੌਂ, ਕੇ ਵੇਖਿਆਂ ਹੈ। ਕਦੇ ਜਾਗ ਕੇ ਨਹੀਂ ਵੇਖਿਆ ਉਹ ਕਦੇ ਵੀ ਉਸਦੇ ਮਨ ਨੂੰ ਪੂਰਾ ਨਹੀਂ ਪੜ੍ਹ ਸਕਿਆ। ਜਿਸ ਕਰਕੇ ਔਰਤ ਤੇ ਮਰਦ ਦੀ ਜ਼ਿੰਦਗੀ ਵਿਚ ਸਦਾ ਅਧੂਰਾਪਣ ਬਣਿਆ ਰਹਿੰਦਾ ਹੈ, ਤੇ ਆਖਿਰ ਔਰਤ ਕੀ ਚਾਹੁੰਦੀ ਹੈ ? ਮਰਦ ਏਸੇ ਦੁਖਾਂਤ ਵਿੱਚ ਫਸਿਆ ਰਹਿੰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. *ਰਿਆੜ, ਬਲਜੀਤ ਕੌਰ (2012), ਕੰਵਲ ਦੇ ਨਾਵਲ ਸਮਾਜ-ਰਾਜਨੀਤਿਕ ਸੰਦਰਭ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ: 26.*
2. *ਯੰਗ, ਕਿੰਬ (1942), ਸ਼ੋਸ਼ਾਲੋਜਾਈ:ਏ ਸਟਡੀ ਆਫ਼ ਸੋਸਾਇਟਿਓ ਐਂਡ ਕਲਚਰ, ਅਮੇਰੀਕਨ ਬੁੱਕ ਕੰਪਨੀ, ਪੰਨਾ: 4.*
3. *ਸ਼ਾਦ, ਬੂਟਾ ਸਿੰਘ (2012), ਕੁੱਤਿਆਂ ਵਾਲੇ ਸਰਦਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 5.*
4. *-ਉਹੀ-, ਪੰਨਾ: 75.*
5. *-ਉਹੀ-, ਪੰਨਾ: 16.*
6. *-ਉਹੀ-, ਪੰਨਾ: 67.*
7. *-ਉਹੀ-, ਪੰਨਾ: 136.*

8. *-ਉਹੀ-, ਪੰਨਾ: 80.*
9. *ਸੱਯਦ, ਵਾਰਿਸ ਸ਼ਾਹ,(2010), ਹੀਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ: 1.*
10. *ਸ਼ਾਦ, ਬੂਟਾ ਸਿੰਘ (2012), ਕੁੱਤਿਆਂ ਵਾਲੇ ਸਰਦਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ, ਪੰਨੇਂ: 141-142.*
11. *-ਉਹੀ-, ਪੰਨੇ: 151-152.*
12. *-ਉਹੀ-, ਪੰਨਾ: 154.*
13. *-ਉਹੀ-, ਪੰਨਾ: 156.*

## *Cite this Article-*

*ਬਬਰੀਕ ਸਿੰਘ (Babreek Singh) & ਡਾ. ਕਿਰਨਦੀਪ ਸਿੰਘ (Dr. Kirandeep Singh), ਬੂਟਾ ਸਿੰਘ ਸ਼ਾਦ ਦੇ ਨਾਵਲ 'ਕੁੱਤਿਆਂ ਵਾਲੇ ਸਰਦਾਰ' ਦਾ ਸਮਾਜ ਸ਼ਾਸਤਰੀ ਪੱਖ ਤੋਂ ਮੁਲਾਂਕਣ (Boota Singh Shaad De Novel 'Kuttiyn Wale Sardar' Da Samaj-Shastari Pakh Ton Mulyankan), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 43-47.*

*Journal URL:* *www.armaan.org.in*
*DOI:* *https://doi.org/10.64119/armaan.vol.4.issue3.09*

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/